# *I.K.Gujral Punjab Technical University*

**Estd. Under Punjab Technical University Act.1996**
**(Punjab Act No.1 of 1997)**

**Ref. No. : IKGPTU/CoE/ 11218** **Dated : 28.03.2019**

ਸਾਰੇ ਪ੍ਰਿੰਸੀਪਲ ਅਤੇ ਫੈਕਲਟੀ ਮੈਂਬਰ
ਆਈ ਕੇ ਗੁਜਰਾਲ ਪੀ.ਟੀ.ਯੂ. ਤੋਂ ਮਾਨਤਾ ਪ੍ਰਾਪਤ ਸੰਸਥਾਵਾਂ

ਵਿਸ਼ਾ: ਮਈ 2019 ਦੀਆਂ ਪ੍ਰੀਖਿਆਵਾਂ ਦੇ ਪ੍ਰੀਖਿਆ ਫਾਰਮ ਆਨਲਾਈਨ ਭਰਨ ਸਬੰਧੀ।

ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮਈ 2019 ਦੀਆਂ ਪ੍ਰੀਖਿਆਵਾਂ ਮਿਤੀ 01 ਮਈ, 2019 ਤੋਂ ਸ਼ੁਰੂ ਹੋ ਰਹੀਆਂ ਹਨ। ਇਨ੍ਹਾਂ ਪ੍ਰੀਖਿਆਵਾਂ ਦੇ ਪ੍ਰੀਖਿਆ ਫਾਰਮ ਆਨਲਾਈਨ ਭਰਨ ਦਾ ਵੇਰਵਾ ਅਤੇ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਹੈ ।

| ਲੜੀ ਨੰ: | ਫੀਸ : 550/- ਰੁਪਏ ਪ੍ਰਤੀ ਸਮੈਸਟਰ 2009 ਬੈਚ ਤੱਕ ਅਤੇ<br>ਫੀਸ : 700 ਰੁਪਏ ਪ੍ਰਤੀ ਸਮੈਸਟਰ 2010 ਤੋਂ 2018 ਬੈਚ ਦੇ ਵਿਦਿਆਰਥੀਆਂ ਲਈ | ਦੂਜਾ,ਚੌਥਾ,ਛੇਵਾਂ,ਅੱਠਵਾਂ ਅਤੇ ਦੱਸਵਾਂ ਦੇ ਰੈਗੂਲਰ ਪ੍ਰੀਖਿਆ ਫਾਰਮ ਅਤੇ ਪਹਿਲੇ ਤੋਂ ਦਸਵੇ ਸਮੈਸਟਰ ਰੀਅਪੀਅਰ ਫਾਰਮ ਸੰਸਥਾਂ ਦੇ ਲੋਗਿਨ ਵਿਚੋਂ ਭਰਨ ਦੀ ਆਖਰੀ ਮਿਤੀ<br>(ਨੋਟ: ਕਾਲਜਾਂ ਵਲੋਂ ਭਰੇ ਪ੍ਰੀਖਿਆ ਫਾਰਮਾਂ ਦੀ ਪ੍ਰੀਖਿਆ ਫੀਸ Automatically LOCK ਹੋ ਜਾਵੇਗੀ ) | (ਪਾਸ-ਆਉਟ ਬੈਚ ਦੇ ਜਿਹੜੇ ਵਿਦਿਆਰਥੀ ਰੀਅਪੀਅਰ ਇਮਤਿਹਾਨ ਵਿਚ ਅਪੀਅਰ ਹੋਣਾ ਚਾਹੁਦੇ ਹਨ) ਦੇ ਪਹਿਲੇ ਤੋਂ ਦਸਵੇ ਸਮੈਸਟਰ ਦੇ ਰੀਅਪੀਅਰ ਪ੍ਰੀਖਿਆ ਫਾਰਮ ਵਿਦਿਆਰਥੀਆਂ ਵਲੋਂ ਆਪਣੇ ਲੋਗਿਨ ਵਿਚੋਂ ਭਰ ਕੇ ਸੰਸਥਾਂ ਵਿਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | (ਪਾਸ-ਆਉਟ ਬੈਚ ਦੇ ਜਿਹੜੇ ਵਿਦਿਆਰਥੀ ਰੀਅਪੀਅਰ ਇਮਤਿਹਾਨ ਵਿਚ ਅਪੀਅਰ ਹੋਣਾ ਚਾਹੁਦੇ ਹਨ) ਦੇ ਸੰਸਥਾਵਾਂ ਵਲੋਂ ਪਹਿਲੇ ਤੋਂ ਦਸਵੇ ਸਮੈਸਟਰ ਰੀਅਪੀਅਰ ਪ੍ਰੀਖਿਆ ਫਾਰਮਾਂ ਦੀ ਫੀਸ ਆਨਲਾਈਨ ਲੋਕ (LOCK) ਕਰਨ ਦੀ ਆਖਰੀ ਮਿਤੀ | ਸੰਸਥਾਵਾਂ ਵਲੋਂ ਪਹਿਲੇ ਤੋਂ ਦਸਵੇ ਸਮੈਸਟਰ ਦੇ ਰੈਗੂਲਰ / ਰੀਅਪੀਅਰ ਪ੍ਰੀਖਿਆ ਫਾਰਮਾਂ ਦੀ ਫੀਸ ਬੈਂਕ ਵਿਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|---|
| 1 | ਬਿਨਾ ਲੇਟ ਫੀਸ | 5 ਅਪ੍ਰੈਲ, 2019 ਤੋਂ 16 ਅਪ੍ਰੈਲ, 2019 | 5 ਅਪ੍ਰੈਲ, 2019 ਤੋਂ 15 ਅਪ੍ਰੈਲ, 2019 | 16 ਅਪ੍ਰੈਲ, 2019 | 22 ਅਪ੍ਰੈਲ, 2019 |
| 2 | 1000/- ਰੁਪਏ ਲੇਟ ਫੀਸ (ਪ੍ਰਤੀ ਸਮੈਸਟਰ) | 17 ਅਪ੍ਰੈਲ, 2019 ਤੋਂ 23 ਅਪ੍ਰੈਲ, 2019 | 17 ਅਪ੍ਰੈਲ, 2019 ਤੋਂ 22 ਅਪ੍ਰੈਲ, 2019 | 23 ਅਪ੍ਰੈਲ, 2019 | 26 ਅਪ੍ਰੈਲ, 2019 |
| 3 | 2000/- ਰੁਪਏ ਲੇਟ ਫੀਸ (ਪ੍ਰਤੀ ਸਮੈਸਟਰ) | 24 ਅਪ੍ਰੈਲ, 2019 ਤੋਂ 26 ਅਪ੍ਰੈਲ, 2019 | 24 ਅਪ੍ਰੈਲ, 2019 ਤੋਂ 26 ਅਪ੍ਰੈਲ, 2019 | 26 ਅਪ੍ਰੈਲ, 2019 | 30 ਅਪ੍ਰੈਲ, 2019 |
| 4 | ਵਿਸ਼ੇਸ਼ ਹਾਲਾਤਾਂ ਵਿੱਚ ਮਾਨਯੋਗ ਉਪ-ਕੁਲਪਤੀ ਜੀ ਦੀ ਮੰਨਜ਼ੂਰੀ ਨਾਲ 5000/- ਰੁਪਏ ਲੇਟ ਫੀਸ (ਪ੍ਰਤੀ ਸਮੈਸਟਰ) | 27 ਅਪ੍ਰੈਲ, 2019 ਤੋਂ 30 ਅਪ੍ਰੈਲ, 2019 | 27 ਅਪ੍ਰੈਲ, 2019 ਤੋਂ 30 ਅਪ੍ਰੈਲ, 2019 | 30 ਅਪ੍ਰੈਲ, 2019 | 01 ਮਈ 2019 |

ਨੋਟ: ਰੈਗੂਲਰ ਸਮੈਸਟਰ ਦੇ ਪ੍ਰੀਖਿਆ ਫਾਰਮ ਵਿੱਚ **Compulsory Subjects** ਯੂਨੀਵਰਸਿਟੀ ਵਲੋਂ ਪਹਿਲਾਂ ਹੀ ਭਰ ਦਿਤੇ ਜਾਣਗੇ।

1. ਮੌਜੂਦਾ ਸਿਸਟਮ ਮੁਤਾਬਿਕ ਜਿਹਨਾਂ ਵਿਦਿਆਰਥੀਆਂ ਨੂੰ ਅਗਲੇ ਸਮੈਸਟਰ ਪੜਨ ਲਈ ਕਾਲਜਾਂ ਵਲੋਂ ਰੂਲਜ ਮੁਤਾਬਕ ਵਿਦਿਆਰਥੀਆਂ ਦੀ ਆਨਲਾਈਨ ਸਮੈਸਟਰ ਅਪਗ੍ਰੈਡੇਸ਼ਨ ਕਰ ਦਿੱਤੀ ਗਈ ਹੈ ਉਹਨਾਂ ਵਿਦਿਆਰਥੀਆਂ ਦੀ ਯੋਗਤਾ ਚੈਕ ਕਰਨ ਦੀ ਪੂਰੀ ਜਿੰਮੇਵਾਰੀ ਸਬੰਧਤ ਸੰਸਥਾ ਦੀ ਹੋਵੇਗੀ ਕਿ ਵਿਦਿਆਰਥੀ ਮੌਜੂਦਾ ਸਮੈਸਟਰ ਵਿਚ ਰੈਗੂਲਰ ਦੇ ਤੌਰ ਤੇ ਪੜਾਈ ਕਰਨ ਦੇ ਯੋਗ ਹੈ ਜਾਂ ਨਹੀ ਅਤੇ ਵਿਦਿਆਰਥੀ ਨੇ ਲੋਅਰ ਸਮੈਸਟਰਾਂ ਦੇ ਸਾਰੇ ਰੈਗੂਲਰ ਇਮਤਿਹਾਨ ਫਾਰਮ ਭਰ ਕੇ ਪੇਪਰ ਦਿਤੇ ਹੋਏ ਹਨ ।

2. ਰੈਗੂਲਰ ਸਮੈਸਟਰ ਦੇ ਇਮਤਿਹਾਨ ਫਾਰਮ ਸਮੈਸਟਰ ਅਪਗ੍ਰੈਡੇਸ਼ਨ ਕਰਨ ਤੋਂ ਬਾਅਦ ਹੀ ਵਿਭਾਗ ਮੁੱਖੀਆਂ/ ਕਲਾਸ ਇੰਚਾਂਰਜਾ ਦੇ www.ptudocs.com ਵੈਬਸਾਈਟ ਤੇ ਉਪਲਬਧ ਲੋਗਿਨ ਰਾਹੀਂ ਹੀ ਭਰੇ ਜਾਣਗੇ।ਵਿਭਾਗ ਮੁੱਖੀਆਂ ਵਲੋਂ ਰੈਗੂਲਰ ਸਮੈਸਟਰ ਦੇ ਇਮਤਿਹਾਨ ਫਾਰਮ ਭਰਨ ਲਈ ਕੋਰਸ ਸਬੰਧਤ ਕਲਾਸ ਇੰਚਾਰਜ ਅਲਾਟ ਕੀਤੇ ਜਾ ਸਕਦੇ ਹਨ।ਵਿਭਾਗ ਮੁੱਖੀ/ਸਾਰੇ ਕਲਾਸ ਇੰਚਾਰਜ ਆਪਣੇ ਆਪ ਵੀ ਨੂੰ ਅਲਾਟ ਕਰਕੇ ਫਾਰਮ ਭਰ ਸਕਦਾ ਹੈ ।Compulsory Subjects ਯੂਨੀਵਰਸਿਟੀ ਵਲੋਂ ਪਹਿਲਾਂ ਹੀ ਭਰ ਦਿਤੇ ਜਾਣਗੇ ਅਤੇ Elective Subjects ਵਿਭਾਗ ਮੁੱਖੀਆ/ਕਲਾਸ ਇੰਚਾਰਜਾਂ ਵਲੋਂ ਭਰੇ ਜਾਣਗੇ | M.Tech. ਦੇ ਵਿਸ਼ੇ ਵੀ ਵਿਭਾਗ ਮੁੱਖੀਆ/ਕਲਾਸ ਇੰਚਾਰਜਾਂ ਵਲੋਂ ਭਰੇ ਜਾਣਗੇ।

3. ਵਿਭਾਗ ਮੁੱਖੀਆ/ ਕਲਾਸ ਇੰਚਾਰਜਾਂ ਦੇ ਲੋਗਿਨ ਰਾਹੀ ਜਿਨ੍ਹਾਂ ਵਿਦਿਆਰਥੀਆਂ ਨੇ ਇਲੈਕਟਿਵ ਵਿਸ਼ਿਆ ਦੀ ਚੋਣ ਕੀਤੀ ਹੈ, ਉਹ ਵਿਸ਼ੇ ਵਿਭਾਗ ਮੁੱਖੀਆ/ਕਲਾਸ ਇੰਚਾਰਜਾਂ ਵਲੋਂ ਭਰੇ ਜਾਣਗੇ।ਇਨ੍ਹਾਂ ਸਮੈਸਟਰਾਂ ਦੇ ਇਲੈਕਟਿਵ ਵਿਸ਼ੇ ਭਰਨ ਉਪਰੰਤ ਹੀ ਵਿਦਿਆਰਥੀਆਂ ਦੇ ਇਮਤਿਹਾਨ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ।

4. ਰੈਗੂਲਰ ਤੋਰ ਤੇ ਪੜ੍ਹ ਰਹੇ ਵਿਦਿਆਰਥੀਆਂ ਦੇ ਰੀਅਪੀਅਰ ਸਮੈਸਟਰ ਦੇ ਇਮਤਿਹਾਨ ਫਾਰਮ ਵਿਭਾਗ ਮੁੱਖੀਆ / ਕਲਾਸ ਇੰਚਾਰਜਾਂ ਦੇ ਲੋਗਿਨ ਰਾਹੀ ਭਰੇ ਜਾਣਗੇ ।ਵਿਭਾਗ ਮੁੱਖੀ ਰੀਅਪੀਅਰ ਸਮੈਸਟਰ ਦੇ ਇਮਤਿਹਾਨ ਫਾਰਮ ਭਰਨ ਦੀ ਸੁਵਿਧਾ ਵਿਭਾਗ ਦੇ ਬਾਕੀ ਫਕੈਲਟੀ ਮੈਂਬਰਾਂ ਨੂੰ ਵੀ ਦੇ ਸਕਦਾ ਹੈ।

5. ਰੀਅਪੀਅਰ ਸਮੈਸਟਰ ਦੇ ਇਮਤਿਹਾਨ ਫਾਰਮ ਨੂੰ ਜਿਸ ਲੋਗਿਨ ਰਾਹੀ ਭਰਿਆ ਗਿਆ ਹੈ ਉਸ ਫਕੈਲਟੀ ਮੈਂਬਰ ਦਾ ਨਾਂ ਅਤੇ ਆਈ.ਡੀ ਇਮਤਿਹਾਨ ਫਾਰਮ ਤੇ ਪ੍ਰਿੰਟ ਹੋਵੇਗਾ ਤਾਂ ਕਿ ਭਰੇ ਗਏ ਇਮਤਿਹਾਨ ਫਾਰਮਾਂ ਦਾ ਹਿਸਾਬ ਰੱਖਿਆ ਜਾ ਸਕੇ।

6. ਯੂਨੀਵਰਸਿਟੀ ਵਲੋਂ ਰਿਕਾਰਡ ਮੁਤਾਬਕ ਜਿਨ੍ਹਾਂ ਵਿਦਿਆਰਥੀਆਂ ਦੀ ਰੀਅਪੀਅਰ ਬਣਦੀ ਹੈ ਉਨ੍ਹਾਂ ਦੇ ਰੀਅਪੀਅਰ ਵਾਲੇ ਵਿਸ਼ੇ ਦਿਖਾਏ ਜਾਣਗੇ ਅਤੇ ਭਰੇ ਗਏ ਰੀਅਪੀਅਰ ਫਾਰਮਾਂ ਨੂੰ Confirm ਕਰਨ ਦੀ ਸੁਵਿਧਾ ਵੀ ਵਿਭਾਗ ਮੁੱਖੀ / ਕਲਾਸ ਇੰਚਾਰਜ ਦੇ ਲੋਗਿਨ ਵਿਚ ਦਿਤੀ ਗਈ ਹੈ ।Delete ਕਰਨ ਲਈ Request ਕਰਨ ਦੀ ਸੁਵਿਧਾ ਵੀ ਵਿਭਾਗ ਮੁੱਖੀ / ਕਲਾਸ ਇੰਚਾਰਜ ਦੇ ਲੋਗਿਨ ਵਿਚ ਦਿਤੀ ਗਈ ਹੈ।ਵਿਭਾਗ ਮੁੱਖੀ/ ਕਲਾਸ ਇੰਚਾਰਜਾਂ ਵੱਲੋ Delete ਕਰਨ ਲਈ Request ਭੇਜਣ ਤੋਂ ਬਾਅਦ ਯੂਨੀਵਰਸਿਟੀ ਵਲੋਂ ਫਾਰਮ Delete ਕੀਤੇ ਜਾਣਗੇ।30 ਅਪ੍ਰੈਲ ਤੋਂ ਬਾਅਦ ਭੇਜੀ ਗਈ Delete Request ਪ੍ਰਵਾਨ ਨਹੀਂ ਕੀਤੀ ਜਾਵੇਗੀ।

7. ਵਿਭਾਗ ਮੁੱਖੀ / ਕਲਾਸ ਇੰਚਾਰਜ ਵਲੋਂ ਵਿਦਿਆਰਥੀਆਂ ਦੇ ਰੀਅਪੀਅਰ ਦੇ ਤੋਰ ਤੇ ਅਪੀਅਰ ਹੋਣ ਵਾਲੇ ਵਿਸ਼ੇ ਭਰਕੇ LOCK ਕਰ ਦਿਤੇ ਜਾਣਗੇ।ਵਿਸ਼ੇ LOCK ਕਰਨ ਉਪਰੰਤ ਵਿਦਿਆਰਥੀਆਂ ਦੇ ਇਮਤਿਹਾਨ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ।ਵਿਦਿਆਰਥੀਆ ਦੇ ਇਮਤਿਹਾਨ ਫਾਰਮ ਪ੍ਰਿੰਟ ਕਰਨ ਤੋਂ ਬਾਅਦ ਵਿਦਿਆਰਥੀਆਂ ਤੋ ਇਮਤਿਹਾਨ ਫੀਸ ਅਤੇ ਫਾਰਮ ਵੀ ਵਿਭਾਗ ਮੁੱਖੀਆ / ਕਲਾਸ ਇੰਚਾਰਜਾਂ ਵਲੋਂ ਹੀ ਲਏ ਜਾਣਗੇ।

8. ਉਪਰੋਕਤ ਤੋ ਇਲਾਵਾ ਜੇਕਰ ਕੋਈ ਹੋਰ ਵਿਸ਼ਾ ਵਿਦਿਆਰਥੀ ਵਲੋਂ ਭਰਨਾ ਹੈ ਤਾਂ ਉਹ ਵਿਸ਼ਾ ਪ੍ਰੀਖਿਆ ਫਾਰਮ (Manual Reapper form) ਵਿੱਚੋਂ ਸਲੈਕਟ ਕਰਕੇ submit ਕਰਨਾ ਹੋਵੇਗਾ । submit ਕਰਨ ਉਪਰੰਤ ਜਿਹਨਾਂ ਵਿਸ਼ਿਆਂ ਨੂੰ ਸਲੈਕਟ ਕੀਤਾ ਹੋਵੇਗਾ, ਉਹ ਵਿਸ਼ੇ ਸੈਕਸ਼ਨ 'B' ਵਿਚ ਚਲੇ ਜਾਣਗੇ ।ਇਹਨਾਂ ਵਿਸ਼ਿਆਂ ਨੂੰ ਚੈਕ ਕਰਨ ਉਪਰੰਤ ਲੌਕ (Lock) ਕਰਨਾ ਹੋਵੇਗਾ।ਲੌਕ (Lock) ਕਰਨ ਉਪਰੰਤ ਰੀਅਪੀਅਰ ਪ੍ਰੀਖਿਆ ਫਾਰਮ ਪ੍ਰਿੰਟ ਕੀਤੇ ਜਾ ਸਕਦੇ ਹਨ।

9. ਵਿਭਾਗ ਮੁੱਖੀਆ / ਕਲਾਸ ਇੰਚਾਰਜ ਵਲੋਂ LOCK ਕੀਤੇ ਇਮਤਿਹਾਨ ਫਾਰਮ ਅਤੇ ਇਮਤਿਹਾਨ ਫਾਰਮ ਦੀ ਫੀਸ ਕਾਲਜ ਵਲੋਂ Automatically Received ਸਮਝੀ ਜਾਵੇਗੀ।